ਦਫ਼ਤਰ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) -ਕਮ- ਜ਼ਿਲ੍ਹਾ ਪ੍ਰੋਜੈਕਟ ਡਾਇਰੈਕਟਰ,
ਸਮੱਗਰਾ ਸਿੱਖਿਆ ਅਭਿਆਨ,ਬਠਿੰਡਾ

E-Mail id: dpobathinda@gmail.com Tel: 0164-2217295

---

ਵੱਲ

ਸਕੂਲ ਮੁਖੀ,
ਸਮੂਹ ਪ੍ਰਾਈਵੇਟ ਸਕੂਲਜ਼,
ਬਠਿੰਡਾ।

ਪੱਤਰ ਨੰ:-ਸਸਅ/ਆਰ.ਟੀ.ਈ./2023-24/2597

ਮਿਤੀ ਬਠਿੰਡਾ: 18.04.2023

ਵਿਸ਼ਾ- ਬਿਲਡਿੰਗ ਸੇਫਟੀ ਸਰਟੀਫਿਕੇਟ ਅਤੇ ਫਾਇਰ ਸੇਫਟੀ ਸਰਟੀਫਿਕੇਟ ਜਮ੍ਹਾਂ ਕਰਵਾਉਣ ਸਬੰਧੀ।

ਹਵਾਲਾ- ਮੁਖ ਦਫਤਰ ਦੇ ਮੀਮੋ ਨੰ: ਡੀ.ਜੀ.ਐਸ.ਈ./ਆਰ.ਟੀ.ਈ./2016/6055 ਮਿਤੀ 07.04.2016

ਅੰਕਿਤ ਵਿਸ਼ਾ ਅਤੇ ਹਵਾਲਾ ਅਧੀਨ ਮੁੱਖ ਦਫਤਰ ਦੀਆਂ ਹਦਾਇਤਾਂ ਅਨੁਸਾਰ ਹਰੇਕ ਪ੍ਰਾਈਵੇਟ ਸਕੂਲ ਵੱਲੋਂ ਬਿਲਡਿੰਗ ਸੇਫਟੀ ਸਰਟੀਫਿਕੇਟ ਅਤੇ ਫਾਈਰ ਸੇਫਟੀ ਸਰਟੀਫਿਕੇਟ ਦੀ ਮਿਆਦ ਖਤਮ ਹੋਣ ਉਪਰੰਤ ਇਹਨਾਂ ਨੂੰ ਰਿਨਿਊ ਕਰਵਾ ਕੇ ਸਬੰਧਤ ਦਫਤਰ ਜਿਲ੍ਹਾ ਸਿੱਖਿਆ ਅਫਸਰ(ਐ.ਸਿ.) ਵਿੱਚ ਜਮ੍ਹਾਂ ਕਰਵਾਏ ਜਾਣ। ਅਜਿਹਾ ਨਾ ਕਰਵਾਉਣ ਦੀ ਸੂਰਤ ਵਿੱਚ ਸਬੰਧਤ ਪ੍ਰਾਈਵੇਟ ਸਕੂਲ ਵਿਰੁੱਧ ਆਰ.ਟੀ.ਈ.ਐਕਟ ਅਤੇ ਨਿਯਮਾਂ ਅਨਸਾਰ ਮਾਨਤਾ ਰੱਦ ਕੀਤੀ ਜਾ ਸਕਦੀ ਹੈ। ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਸਕੂਲ ਦੀ ਮਾਨਤਾ ਜਾਰੀ ਰੱਖਣ ਲਈ ਉਪਰੋਕਤ ਦੋਵੇ ਸਰਟੀਫਿਕੇਟ ਰਿਨਿਊ ਕਰਵਾ ਕੇ ਨਿਮਨ ਹਸਤਾਖਰੀ ਦੇ ਦਫਤਰ ਵਿਖੇ ਜਾਂ ਇਸ ਦਫਤਰ ਦੀ ਈ.ਮੇਲ ਆਈ.ਡੀ. dportebti@gmail.com ਤੇ ਮਿਤੀ 15.05.2023 ਤੱਕ ਭੇਜਣੇ ਯਕੀਨੀ ਬਣਾਏ ਜਾਣ ਅਤੇ ਇਹ ਵੀ ਸੁਨਿਸ਼ਚਿਤ ਕੀਤਾ ਜਾਵੇ ਕਿ ਦੋਵੇਂ ਸਰਟੀਫਿਕੇਟ ਇੱਕਠੇ ਹੀ ਭੇਜੇ ਜਾਣ।

ਨੋਟ-ਸਕੂਲ ਮੁਖੀ ਦੁਆਰਾ ਇਹ ਯਕੀਨੀ ਬਣਾਇਆ ਜਾਵੇ ਕਿ ਪਿਛਲੇ ਸਾਲ(ਸ਼ੈਸ਼ਨ 2022-23) ਦਾ ਬਿਲਡਿੰਗ ਸੇਫਟੀ ਸਰਟੀਫਿਕੇਟ ਨਾ ਭੇਜਿਆ ਜਾਵੇ। ਸਿਰਫ 2023-24 ਦਾ ਸਰਟੀਫਿਕੇਟ ਹੀ ਇਸ ਦਫਤਰ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ।

18/04/2023
ਜਿਲ੍ਹਾ ਪ੍ਰੋਜੈਕਟ ਡਾਇਰੈਕਟਰ,
ਸਮੱਗਰਾ ਸਿੱਖਿਆ ਅਭਿਆਨ, ਬਠਿੰਡਾ

ਪਿੰਠ ਅੰਕਣ ਨੰ: - ਮਿਤੀ- ਉਕਤ

ਉਕਤ ਦਾ ਉਤਾਰਾ ਜਿਲ੍ਹਾ ਸਿੱਖਿਆ ਅਫਸਰ (ਸੈ. ਸਿ, ) ਬਠਿੰਡਾ ਨੂੰ ਉਕਤ ਪੱਤਰ ਨੋਟਿਸ ਬੋਰਡ ਤੇ ਅਪਲੋਡ ਕਰਨ ਹਿੱਤ ਭੇਜਿਆ ਜਾਂਦਾ ਹੈ।

18/04/2023
ਜਿਲ੍ਹਾ ਪ੍ਰੋਜੈਕਟ ਡਾਇਰੈਕਟਰ,
ਸਮੱਗਰਾ ਸਿੱਖਿਆ ਅਭਿਆਨ, ਬਠਿੰਡਾ